# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

WORLD PUNJABI TIMES — REACHING THE WORLD

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 04 ਫਰਵਰੀ 2025 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਹਰਮਨ ਪਿਆਰੇ ਰੇਡੀਓ ਹੋਸਟ ਹਰਜੀਤ ਗਿੱਲ ਨੇ ਸਰੀ ਨਿਊਟਨ ਹਲਕੇ ਤੋਂ ਆਪਣੀ ਚੋਣ ਮੁਹਿੰਮ ਦਾ ਬਿਗਲ ਵਜਾਇਆ

### ਜਸਟਿਨ ਟਰੂਡੋ ਦੀ ਅਫਸਰਸ਼ਾਹੀ ਨੂੰ ਨੱਥ ਪਾਉਣ ਲਈ ਲੋਕਾਂ ਨੂੰ ਕੀਤੀ ਅਪੀਲ

ਵਰਲਡ ਪੰਜਾਬੀ ਟਾਈਮਜ਼ — ਹਰਦਮ ਮਾਨ



ਸਰੀ, 4 ਫਰਵਰੀ : ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰਅਤੇ ਲੋਕਾਂ ਦੇ ਹਰਮਨ ਪਿਆਰੇ ਰੇਡੀਓ ਹੋਸਟ ਹਰਜੀਤ ਸਿੰਘ ਗਿੱਲ ਨੇ ਬੀਤੇ ਦਿਨ ਆਪਣੇ ਹਮਾਇਤੀਆਂ ਅਤੇ ਚਾਹੁਣ ਵਾਲਿਆਂ ਦਾ ਵੱਡਾ ਇਕੱਠ ਕਰ ਕੇ ਆਪਣੀ ਚੋਣ ਮੁਹਿੰਮ ਦਾ ਬਿਗਲ ਵਜਾ ਦਿੱਤਾ ਹੈ। ਗਰੈਂਡ ਅੰਪਾਇਰ ਬੈਂਕੁਇਟ ਹਾਲ ਸਰੀ ਵਿਚ ਇਕੱਤਰ ਹੋਏ ਕਰੀਬ 1200 ਸ਼ਹਿਰੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਕੈਨੇਡਾ ਅਤੇ ਸਰੀ ਦਾ ਭਵਿੱਖ ਸੰਵਾਰਨ ਲਈ ਆ ਰਹੀਆਂ ਲੋਕ ਸਭਾ ਚੋਣਾਂ ਵਿਚ ਸਮੁੱਚੇ ਭਾਈਚਾਰੇ ਨੂੰ ਇਕਮੁੱਠ ਹੋ ਕੇ ਡਟ ਜਾਣਾ ਚਾਹੀਦਾ ਹੈ। ਲਿਬਰਲ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ ਕਿ ਜਸਟਿਨ ਟਰੂਡੋ ਸਰਕਾਰ ਨੇ ਵਾਗਡੋਰ ਕਥਿਤ ਵਿਗੜੀ ਹੋਈ ਅਫਸਰਸ਼ਾਹੀ ਦੇ ਹੱਥਾਂ ਵਿਚ ਦਿੱਤੀ ਹੋਈ ਹੈ ਅਤੇ ਇਕ ਇਕ ਨੌਕਰੀ 'ਤੇ 20-20 ਅਫਸਰ ਲਾਏ ਹੋਏ ਹਨ। ਇਹ ਸਰਕਾਰ ਹਰ ਸਾਲ 20 ਬਿਲੀਅਨ ਡਾਲਰ ਸਲਾਹਕਾਰਾਂ ਉੱਪਰ ਰੋੜ੍ਹ ਰਹੀ ਹੈ। ਲੋਕ ਹਰ ਸਾਲ 500 ਮਿਲੀਅਨ ਡਾਲਰ ਵੱਖ ਵੱਖ ਟੈਕਸਾਂ ਰਾਹੀਂ ਸਰਕਾਰ ਨੂੰ ਦਿੰਦੇ ਹਨ ਪਰ ਉਸ ਦੇ ਇਵਜ਼ ਵਿਚ ਲੋਕਾਂ ਨੂੰ ਹੱਥਾਂ ਵਿਚ ਠੂਠਾ ਫੜ੍ਹਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਸਰਕਾਰ ਦੀਆਂ ਨੀਤੀਆਂ ਕਾਰਨ ਮਹਿੰਗਾਈ ਨੇ ਲੋਕਾਂ ਦਾ ਕਚੂੰਬਰ ਕੱਢ ਦਿੱਤਾ ਹੈ, ਲੋਕਾਂ ਦੇ ਸਿਰ ਦੀਆਂ ਛੱਤਾਂ ਖੁੱਸ ਰਹੀਆਂ ਹਨ। ਯੂਕਰੇਨ ਨੂੰ ਟਰੂਡੋ ਸਰਕਾਰ ਨੇ 20 ਅਰਬ ਡਾਲਰ ਦੇ ਦਿੱਤਾ ਪਰ ਆਪਣੇ ਦੇਸ਼ ਵਿਚ ਭੁੱਖਮਰੀ ਫੈਲੀ ਹੋਈ ਹੈ।



ਸ. ਗਿੱਲ ਨੇ ਕਿਹਾ ਕਿ 25 ਸਾਲ ਪਹਿਲਾਂ ਕੈਨੇਡਾ ਦਾ ਸਿਸਟਮ ਬਹੁਤ ਹੀ ਬਿਊਟੀਫੁੱਲ ਸੀ ਅਤੇ ਹਰ ਨਵਾਂ ਇਮੀਗਰਾਂਟ ਇੱਥੇ ਆ ਕੇ ਕੁਝ ਕੁ ਸਾਲਾਂ ਵਿਚ ਵੈੱਲ ਸੈਟਲਡ ਹੋ ਜਾਂਦਾ ਸੀ ਪਰ ਅੱਜ ਹਾਲਾਤ ਇਹ ਹਨ ਕਿ ਨਵਾਂ ਬਸ਼ਿੰਦਾ ਇੱਥੇ ਆ ਕੇ 20-20 ਸਾਲ ਆਪਣੇ ਲਈ ਘਰ ਖਰੀਦਣ ਦੇ ਯੋਗ ਨਹੀਂ ਹੋ ਸਕਦਾ। ਸਰਕਾਰ ਦੀ ਨਲਾਇਕੀ ਕਾਰਨ ਦੇਸ਼ ਦੀ ਜੀਡੀਪੀ ਦਾ ਬੁਰਾ ਹਾਲ ਹੈ। ਉਨ੍ਹਾਂ ਕਿਹਾ ਕਿ ਜੇਕਰ ਅਫਸਰਸ਼ਾਹੀ ਨੂੰ ਨੱਥ ਪਾ ਲਈ ਜਾਵੇ ਤਾਂ ਕੈਨੇਡਾ ਨੂੰ ਪਹਿਲਾਂ ਵਾਲਾ ਸ਼ਾਹੀ ਮੁਲਕ ਬਣਾਇਆ ਜਾ ਸਕਦਾ ਹੈ। ਕੈਨੇਡਾ 170 ਬਿਲੀਅਨ ਬੈਰਲ ਨਾਲ ਕੱਚਾ ਤੇਲ ਪੈਦਾ ਕਰਨ ਵਾਲੇ ਵਿਚ ਮੁਲਕਾਂ ਵਿਚ ਤੀਜਾ ਸਥਾਨ ਰਖਦਾ ਹੈ। ਕੈਨੇਡਾ ਏਸ਼ੀਆ ਅਤੇ ਯੂਰਪ ਦੇ ਦੇਸ਼ਾਂ ਨੂੰ ਐਲਪੀਜੀ ਗੈਸ ਸਪਲਾਈ ਕਰ ਕੇ ਆਪਣੀ ਇਕਾਨਮੀ ਨੂੰ ਮਜ਼ਬੂਤ ਕਰ ਸਕਦਾ ਹੈ। ਹਲਕਾ ਸਰੀ ਨਿਊਟਨ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਹਲਕੇ ਵਿਚ ਪਿਛਲੇ 20 ਸਾਲਾਂ ਵਿਚ ਫੈਡਰਲ ਸਰਕਾਰ ਦੇ ਫੰਡਾਂ ਨਾਲ ਇਕ ਵੀ ਪ੍ਰੋਜੈਕਟ ਸਥਾਪਿਤ ਨਹੀਂ ਹੋਇਆ ਜਦੋਂ ਕਿ ਲਾਗਲੇ ਪਾਰਲੀਮੈਂਟ ਹਲਕੇ ਸਰੀ ਸੈਂਟਰਲ ਦਾ ਐਮ.ਪੀ. ਆਪਣੇ ਹਲਕੇ ਲਈ 30 ਮਿਲੀਅਨ ਡਾਲਰ ਦੀ ਗਰਾਂਟ ਲੈ ਕੇ ਆਇਆ ਹੈ। ਉਨ੍ਹਾਂ ਕਿਹਾ ਕਿ ਹੁਣ ਲੋਕਾਂ ਨੇ ਫੈਸਲਾ ਕਰਨਾ ਹੈ ਕਿ ਸਾਨੂੰ ਭੋਗਾਂ, ਵਿਆਹਾਂ 'ਚ ਸ਼ਾਮਲ ਹੋਣ ਵਾਲਾ ਨੁਮਾਇੰਦਾ ਚਾਹੀਦਾ ਹੈ ਜਾਂ ਹਲਕੇ ਦੇ ਕਾਰਜ ਕਰਨ ਵਾਲਾ। ਉਨ੍ਹਾਂ ਇਕੱਠ ਵਿਚ ਸ਼ਾਮਲ ਹੋਏ ਆਪਣੇ ਸਾਰੇ ਸ਼ੁੱਭਚਿੰਤਕਾਂ ਦਾ ਧੰਨਵਾਦ ਕਰਦਿਆਂ ਅਪੀਲ ਕੀਤੀ ਕਿ ਸਿਰਫ ਦਾਅਵਿਆਂ ਨਾਲ ਜਿੱਤ ਪ੍ਰਾਪਤ ਨਹੀਂ ਹੋ ਸਕਦੀ। ਜਿੱਤ ਦੇ ਝੰਡੇ ਗੱਡਣ ਲਈ ਲੋਕਾਂ ਨੂੰ ਵੋਟ ਪਾਉਣ ਲਈ ਪੋਲਿੰਗ ਬੂਥਾਂ 'ਤੇ ਜਾਣਾ ਪਵੇਗਾ। ਉਨ੍ਹਾਂ ਕਿਹਾ ਕਿ ਸਰੀ ਨਿਊਟਨ ਹਲਕੇ ਵਿਚ ਆਪਣੇ ਭਾਈਚਾਰੇ ਦੀ 60 ਹਜਾਰ ਫੈਸਲਾਕੁੰਨ ਵੋਟ ਹੈ ਅਤੇ ਇਸ ਦੀ ਵਰਤੋਂ ਨਾਲ ਅਸੀਂ ਕੋਈ ਵੀ ਤਖ਼ਤ ਪਲਟ ਸਕਦੇ ਹਾਂ।

ਉਨ੍ਹਾਂ ਕਿਹਾ ਕੰਸਰਵੇਟਿਵ ਪਾਰਟੀ ਦੇ ਆਗੂ ਪੀਅਰ ਪੋਲੀਵਰ ਦਾ ਸਲੋਗਨ ਹੈ ਕਿ ਸਰਕਾਰ ਬਣਦਿਆਂ ਹੀ ਸਭ ਤੋਂ ਪਹਿਲਾਂ ਕਾਰਬਨ ਟੈਕਸ ਖਤਮ ਕੀਤਾ ਜਾਵੇਗਾ, ਘਰਾਂ ਦੀ ਉਸਾਰੀ ਨੂੰ ਆਮ ਲੋਕਾਂ ਦੀ ਪਹੁੰਚ ਵਿਚ ਲਿਆਂਦਾ ਜਾਵੇਗਾ ਅਤੇ ਜਰਾਇਮ ਨੂੰ ਖਤਮ ਕੀਤਾ ਜਾਵੇਗਾ। ਇਸ ਮੌਕੇ ਸਰੀ ਸਾਊਥ ਸਰੀ ਦੇ ਮੈਂਬਰ ਪਾਲੀਮੈਂਟ ਕੇਰੀ-ਲੀਨ ਫਿੰਡਲੇ, ਸਰੀ ਦੇ ਸਾਬਕਾ ਮੇਅਰ ਡਗ ਮੈਕਲਮ, ਐਮ.ਐਲ.ਏ. ਨਵਦੀਪ ਧਾਲੀਵਾਲ, ਐਮ.ਐਲ.ਏ ਬਰਾਇਨ ਟੈਪਰ, ਹਰਜੀਤ ਗਿੱਲ ਦੇ ਸਪੁੱਤਰ ਬਲਰਾਜ ਗਿੱਲ, ਗਗਨ ਸਿੰਘ ਨੇ ਵੀ ਲੋਕਾਂ ਨੂੰ ਅਗਲੀਆਂ ਚੋਣਾਂ ਵਿਚ ਕਮਿਊਨਿਟੀ ਦੀ ਆਵਾਜ਼ ਬੁਲੰਦ ਕਰਨ ਲਈ ਹਰਜੀਤ ਗਿੱਲ ਦਾ ਡਟ ਕੇ ਸਾਥ ਦੇਣ ਦੀ ਅਪੀਲ ਕੀਤੀ।

## ਹਜ਼ਾਰਾਂ ਦੀ ਗਿਣਤੀ 'ਚ ਸੱਜਣ-ਸੁਨੇਹੀ ਬਾਪੂ ਬਲਬੀਰ ਚੰਦ ਜੀ ਦੀ ਅੰਤਿਮ ਅਰਦਾਸ 'ਚ ਹੋਏ ਸ਼ਾਮਲ

ਵਰਲਡ ਪੰਜਾਬੀ ਟਾਈਮਜ਼



ਫਰੀਦਕੋਟ, 4 ਫਰਵਰੀ : ਪਿਛਲੇ ਦਿਨੀ ਪੱਤਰਕਾਰ ਅਤੇ ਲੇਖਕ ਡਾ. ਧਰਮ ਪ੍ਰਵਾਨਾਂ, ਅੰਮ੍ਰਿਤ ਪਾਲ ਸਿੰਘ, ਜਗਰੂਪ ਸਿੰਘ ਦੇ ਸਤਿਕਾਰਯੋਗ ਪਿਤਾ ਬਲਬੀਰ ਚੰਦ ਜੀ ਇਸ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਸੱਚਖੰਡ ਜਾ ਬਿਰਾਜੇ ਸਨ। ਉਨ੍ਹਾਂ ਦੀ ਅੰਤਿਮ ਅਰਦਾਸ ਵਿੱਚ ਫਰੀਦਕੋਟ ਸ਼ਹਿਰ ਦੀਆਂ ਅਨੇਕਾਂ ਸਮਾਜਸੇਵੀ ਸੰਸਥਾਵਾਂ ਤੋਂ ਇਲਾਵਾਂ ਵੱਖ-ਵੱਖ ਸੰਸਥਾਵਾਂ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਤੋਂ ਵੱਖ-ਵੱਖ ਪਾਰਟੀਆਂ ਦੇ ਆਹੁਦੇਦਾਰਾਂ ਤੋਂ ਇਲਾਵਾ ਦੋਸਤਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਨੇ ਹਾਜ਼ਰੀ ਲਵਾ ਕੇ ਦੁੱਖ ਸਾਂਝਾ ਕੀਤਾ। ਇਸ ਸਮੇਂ ਭਾਈ ਜਸਵਿੰਦਰ ਸਿੰਘ ਜਲਾਲਾਬਾਦ ਵਾਲਿਆਂ ਨੇ ਰਸਭਿੰਨੀ ਅਵਾਜ਼ ਵਿੱਚ ਗੁਰਬਾਣੀ ਦੀ ਕਥਾ ਕਰਕੇ ਸੰਗਤਾਂ ਨੂੰ ਗੁਰੂ ਚਰਨਾ ਨਾਲ ਜੋੜਿਆ। ਇਸ ਸਮੇਂ ਦੁੱਖ ਪ੍ਰਗਟਾਉਣ ਵਾਲਿਆਂ ਵਿੱਚ ਗੁਰਦਿੱਤ ਸਿੰਘ ਸੇਖੋਂ ਵਿਧਾਇਕ ਫਰੀਦਕੋਟ, ਨਵਦੀਪ ਸਿੰਘ ਬੱਬੂ ਬਰਾੜ ਜ਼ਿਲ੍ਹਾ ਪ੍ਰਧਾਨ ਕਾਂਗਰਸ ਪਾਰਟੀ ਫਰੀਦਕੋਟ, ਜਸਵੰਤ ਸਿੰਘ ਕੁੱਲ ਮੀਤ ਪ੍ਰਧਾਨ ਕਾਂਗਰਸ ਪਾਰਟੀ, ਕਾਂਗਰਸ ਸੇਵਾ ਦਲ ਦੇ ਸਾਬਕਾ ਪ੍ਰਧਾਨ ਡਾ. ਜੰਗੀਰ ਸਿੰਘ ਐਮ.ਸੀ., ਨਰਾਇਣ ਦਾਸ ਕਾਲੀ ਠੇਕੇਦਾਰ ਸਾਬਕਾ ਐਮ.ਸੀ., ਲੈਕਚਰਾਰ ਰਤਨ ਸਿੰਘ ਪ੍ਰਜਾਪਤੀ ਬਠਿੰਡਾ, ਰਿਸ਼ੂ ਗੁਪਤਾ ਐਮ.ਸੀ., ਕਰਮ ਚੰਦ ਪੱਪੀ ਪ੍ਰਧਾਨ ਕੁਮਹਾਰ ਮਹਾਂਸੰਘ, ਮਨਜੀਤ ਪੁਰੀ ਜ਼ਿਲ੍ਹਾ ਭਾਸ਼ਾ ਅਫ਼ਸਰ ਫਰੀਦਕੋਟ, ਗੁਰਿੰਦਰ ਮਹਿੰਦੀਰੱਤਾ ਜ਼ਿਲਾ ਇੰਚਾਰਜ ਰੋਜ਼ਾਨਾ ਸਪੋਕਸਮੈਨ, ਹਰਪ੍ਰੀਤ ਚਾਨਾ ਪ੍ਰਧਾਨ ਪੰਜਾਬ ਚੰਡੀਗੜ ਜਰਨਲਿਸਟ ਯੂਨੀਅਨ ਇਕਾਈ ਕੋਟਕਪੂਰਾ, ਪੱਤਰਕਾਰ ਟਿੰਕੂ ਕੁਮਾਰ ਕੋਟਕਪੂਰਾ, ਸ਼ਿਵਨਾਥ ਦਰਦੀ ਸਾਹਿਤਕਾਰ, ਐਡਵੋਕੇਟ ਰਾਜ ਕੁਮਾਰ ਗੁਪਤਾ ਭਾਰਤ ਵਿਕਾਸ ਪ੍ਰੀਸ਼ਦ, ਰਿੰਕੂ ਸਮਾਧਾਂ ਵਾਲਾ ਆਮ ਆਦਮੀ ਪਾਰਟੀ, ਪ੍ਰੀਤਮ ਸਿੰਘ ਭਾਣਾ ਸ਼੍ਰੋਮਣੀ ਅਕਾਲੀ ਦਲ, ਗੁਰਬਾਜ਼ ਸਿੰਘ ਗਿੱਲ ਸੰਪਾਦਕ ਜਸਟ ਪੰਜਾਬੀ, ਮਨਜਿੰਦਰ ਗੋਲ੍ਹੀ ਐਮ ਡੀ ਸੁਰ ਸਾਗਰ, ਗਾਇਕ ਬਲਧੀਰ ਮਾਹਲਾ, ਅਜੈਬ ਤੇਜੀ, ਜਗਤਾਰ ਤਿੰਨ ਕੌਣੀ, ਪਾਲ ਰਸੀਲਾ, ਦਰਸ਼ਨ ਲਾਲ ਚੁੱਘ ਸੀਨੀਅਰ ਸਿਟੀਜਨ, ਲਾਲ ਸਿੰਘ ਕਲਸੀ, ਇਕਬਾਲ ਸਿੰਘ ਘਾਰੂ, ਪਵਨ ਕੁਮਾਰ ਡੀ.ਸੀ. ਆਫਿਸ ਫਰੀਦਕੋਟ, ਡਾ. ਮਨਜੀਤ ਭੱਲਾ, ਡਾ. ਪ੍ਰਵੀਨ ਕੁਮਾਰ ਗੁਪਤਾ, ਕਰਨਲ ਬਲਬੀਰ ਸਿੰਘ ਸਰਾਂ ਫਰੀਦਕੋਟ, ਚੋਧਰੀ ਨੇਤ ਰਾਮ, ਸਮਾਲ ਨਿਊਜ਼ ਪੇਪਰ ਐਸੋਸੀਏਸ਼ਨ ਪੰਜਾਬ ਵੱਲੋਂ ਸੁਰਜੀਤ ਸਿੰਘ ਕੰਡਾ, ਹੁਕਮ ਚੰਦ ਬੀ.ਏ., ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਇਕਾਈ ਜਿਲਾ ਫਰੀਦਕੋਟ ਪ੍ਰਧਾਨ ਡਾ. ਅੰਮ੍ਰਿਤਬੀਰ ਸਿੰਘ, ਜਸਵਿੰਦਰ ਸਿੰਘ ਖੀਵਾ, ਬਲਾਕ ਫਰੀਦਕੋਟ ਪ੍ਰਧਾਨ ਡਾ. ਅੰਮ੍ਰਿਤਪਾਲ ਸਿੰਘ ਟਹਿਣਾ, ਡਾ. ਹਰਭਜਨ ਸਿੰਘ ਮੰਡ ਆਦਿ ਤੋਂ ਇਲਾਵਾਂ ਹਜ਼ਾਰਾਂ ਦੀ ਸੰਗਤਾਂ ਵਿੱਚ ਲੋਕ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਏ।

## ਕਲਮਾਂ ਦੇ ਵਾਰ ਸਾਹਿਤਕ ਮੰਚ ਵੱਲੋਂ ਸਾਹਿਤਕ ਅਤੇ ਪੁਸਤਕ ਲੋਕ ਅਰਪਣ ਸਮਾਗਮ 9 ਫ਼ਰਵਰੀ 2025 ਨੂੰ।

ਵਰਲਡ ਪੰਜਾਬੀ ਟਾਈਮਜ਼ — ਰਣਬੀਰ ਸਿੰਘ ਪ੍ਰਿੰਸ




ਮਲੇਰਕੋਟਲਾ 4 ਫ਼ਰਵਰੀ : ਕਲਮਾਂ ਦੇ ਵਾਰ ਸਾਹਿਤਕ ਮੰਚ ਵੱਲੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਸ.ਜੱਸੀ ਧਰੌੜ ਸਾਹਨੇਵਾਲ ਸਰਪ੍ਰਸਤ ( ਕਲਮਾਂ ਦੇ ਵਾਰ ਸਾਹਿਤਕ ਮੰਚ), ਸੰਪਾਦਕ ਸ੍ਰ ਰਣਬੀਰ ਸਿੰਘ ਪ੍ਰਿੰਸ, ਸਹਿ ਸੰਪਾਦਕ ਸ੍ਰ ਅਵਤਾਰ ਸਿੰਘ ਬਾਲੇਵਾਲ , ਸ੍ਰ ਕੁਲਦੀਪ ਸਿੰਘ ਦੀਪ (ਸਾਦਿਕ ਪਬਲੀਕੇਸ਼ਨਜ਼) ਦੇ ਸਹਿਯੋਗ ਨਾਲ ਆਉਣ ਵਾਲ਼ੀ 9 ਫ਼ਰਵਰੀ 2025 ਦਿਨ ਐਤਵਾਰ ਨੂੰ ਮਲੇਰਕੋਟਲਾ ਵਿਖੇ ਸਾਂਝਾ ਕਾਵਿ ਸੰਗ੍ਰਹਿ "ਪੰਜਾਬ ਬੋਲਦਾ" ਜਿਸ ਵਿੱਚ ਪੰਜਾਬ ਦੇ ਨਾਮਵਰ ਲੇਖਕਾਂ ਦੀਆਂ ਰਚਨਾਵਾਂ ਸ਼ਾਮਿਲ ਹਨ। ਇਸ ਦੇ ਨਾਲ ਹੀ ਸ੍ਰ ਜਗਵੀਰ ਸਿੰਘ ਗਾਗਾ ਦਾ ਨਾਵਲ "ਅਣਸਮਝੀ ਔਰਤ", ਸ੍ਰੀਮਤੀ ਗੁਰਬਖਸ਼ ਕੌਰ ਕਨੇਡਾ ਦੀ "ਵੀਰਾਨ ਦੁਨੀਆਂ" ਸ੍ਰ ਕੁਲਦੀਪ ਸਿੰਘ ਦੀਪ ਦੀ ਪਲੇਠੀ ਕਿਤਾਬ"ਗੁਆਚੀ ਧਰਤ" ਲੋਕ ਅਰਪਣ ਕੀਤੀਆਂ ਜਾਣਗੀਆਂ। ਇਸ ਦੇ ਨਾਲ ਹੀ ਕਵੀ ਦਰਬਾਰ, ਬਾਲ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ ਕਰਵਾਇਆ ਜਾਵੇਗਾ। ਇਹ ਪਹਿਲੀ ਵਾਰ ਹੈ ਕਿ ਕਲਮਾਂ ਦੇ ਵਾਰ ਸਾਹਿਤਕ ਮੰਚ ਵੱਲੋਂ ਇੱਕੋ ਸਮੇਂ ਚਾਰ ਕਿਤਾਬਾਂ ਦਾ ਲੋਕ ਅਰਪਣ ਕੀਤਾ ਜਾ ਰਿਹਾ ਹੈ।ਜੋ ਕਿ ਮੰਚ ਲਈ ਬੜੇ ਮਾਣ ਵਾਲੀ ਗੱਲ ਹੈ।

## ਸ੍ਰੀ ਗੋਬਿੰਦ ਗੋਧਾਮ ਮੰਦਿਰ ਵਿਖੇ ਮਨਾਇਆ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 4 ਫਰਵਰੀ : ਨਾਮਧਾਰੀ ਪੰਥ ਦੇ ਵਰਤਮਾਨ ਮੁਖੀ ਸ੍ਰੀ ਸਤਿਗੁਰੂ ਦਲੀਪ ਸਿੰਘ ਜੀ ਦੀ ਪਵਿੱਤਰ ਰਹਿਨੁਮਾਈ ਹੇਠ ਹਿੰਦੂ ਸਿੱਖ ਏਕਤਾ ਨੂੰ ਸਮਰਪਿਤ ਸਤਿਗੁਰੂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 209ਵਾਂ ਪ੍ਰਕਾਸ਼ ਪੁਰਬ ਸ੍ਰੀ ਗੋਬਿੰਦ ਗੋ ਧਾਮ ਵਿਖੇ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਗਿਆ। ਹਿੰਦੂ ਸਿੱਖ ਏਕਤਾ ਨੂੰ ਸਮਰਪਿਤ ਪ੍ਰਕਾਸ਼ ਪੁਰਬ ਸਮੇਂ ਮੰਦਿਰ ਦੇ ਪ੍ਰਬੰਧਕਾਂ ਅਤੇ ਨਾਮਧਾਰੀ ਸੰਗਤ ਲੁਧਿਆਣਾ ਦੇ ਪੂਰਨ ਸਹਿਯੋਗ ਨਾਲ ਪ੍ਰਕਾਸ਼ ਪੁਰਬ ਬੜੇ ਸੁਚੱਜੇ ਢੰਗ ਨਾਲ ਲੋਕਾਂ ਦੇ ਦਿਲਾਂ ਤੇ ਅਮਿਟ ਛਾਪ ਛੱਡ ਗਿਆ। ਇਸ ਮੌਕੇ ਨਾਮਧਾਰੀ ਪੰਥ ਦੇ ਸਿਰਮੌਰ ਜਥੇਦਾਰ ਗੁਰਦੀਪ ਸਿੰਘ ਜੀ ਦੁਆਰਾ ਕ੍ਰਾਂਤੀਕਾਰੀ, ਸੁਤੰਤਰਤਾ ਸੰਗਰਾਮ ਦੇ ਮੋਢੀ ਗਊ ਰੱਖਿਆ ਅਸਹਿਯੋਗ ਅੰਦੋਲਨ ਦੇ ਆਧਾਰ ਕਰਤਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਦੇਸ਼ ਆਜ਼ਾਦੀ ਲਈ ਆਰੰਭ ਕੀਤੇ ਕਦਮਾਂ ਬਾਰੇ ਚਾਨਣਾ ਪਾਇਆ।

ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਉਪਰੰਤ ਅੰਗਰੇਜ਼ ਹਕੂਮਤ ਦੀ ਪਾੜੋ ਅਤੇ ਰਾਜ ਕਰੋ ਦੀ ਨੀਤੀ ਨਾਲ ਪੰਜਾਬ ਵਿੱਚ ਸਿਖ ਰਾਜ ਦਾ ਪਤਨ ਸ਼ੁਰੂ ਹੋ ਗਿਆ। ਸਮਾਜਿਕ ਭੈੜੀਆਂ ਕੁਰੀਤੀਆਂ ਦੇ ਜੰਜਾਲ ਤੋਂ ਲਬਾਲਬ ਪੰਜਾਬ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ 1857 ਵਿੱਚ ਸੰਤ ਖਾਲਸਾ ਸਜਾ ਕੇ ਅੰਮ੍ਰਿਤ ਬਾਣੀ ਦਾ ਪ੍ਰਚਾਰ ਕਰਕੇ ਸੁੱਚ ਸੋਧ ਮਰਿਆਦਾ ਦੇ ਨਾਲ ਸਮਾਜਿਕ, ਧਾਰਮਿਕ,



ਪਰਿਵਰਤਨ ਕੀਤਾ। ਅੰਗਰੇਜ਼ਾਂ ਦੀ ਚਲਾਈ ਰੇਲ, ਡਾਕ ,ਸਕੂਲ, ਕੱਪੜਿਆਂ ਤੇ ਨਿਆ ਪ੍ਰਬੰਧ ਦਾ ਪੂਰਨ ਵਿਰੋਧ ਕੀਤਾ। ਅਸਲ ਵਿੱਚ ਆਪ ਜੀ ਨੇ ਸਹਿਯੋਗ ਅੰਦੋਲਨ ਅਤੇ ਨਾਮਿਲਵਰਤਨ ਦੀ ਸ਼ੁਰੂਆਤ ਕੀਤੀ। ਜਿਸ ਨੂੰ 50 ਸਾਲ ਬਾਅਦ ਆਪ ਜੀ ਦੀ ਚਲਾਈ ਨਾਮਿਲਵਰਤਨ ਲਹਿਰ ਨੂੰ ਮਹਾਤਮਾ ਗਾਂਧੀ ਨੇ ਅਪਣਾਇਆ ਸੀ। ਇਸ ਮੌਕੇ ਸ੍ਰੀ ਗੋਬਿੰਦ ਗੋਧਾਮ ਦੇ ਪ੍ਰਬੰਧਕ ਸੁੰਦਰ ਲਾਲ ਧਾਮੀਜਾ ਅਤੇ ਕਮੇਟੀ ਵੱਲੋਂ ਆਈ ਹੋਈ ਬਹੁਤ ਹੀ ਨਿੱਘਾ ਸਵਾਗਤ ਕੀਤਾ ਗਿਆ ਅਤੇ ਓਹਨਾ ਕਿਹਾ ਅਸੀਂ ਬਹੁਤ ਵਡਭਾਗੀ ਹਾਂ ਅਸੀ ਇਹ ਪੁਰਬ ਸ੍ਰੀ ਗੋਬਿੰਦ ਗੋ ਧਾਮ ਵਿਖ਼ੇ ਸਾਂਝਾ ਮਨ੍ਹਾ ਕੇ ਹਿੰਦੂ-ਸਿੱਖ ਏਕਤਾ ਦੇ ਨਾਰੇ ਨੂੰ ਕਾਇਮ ਰੱਖਾਗੇ। ਇਸ ਮੌਕੇ ਅਸ਼ੋਕ ਧਵਨ, ਜਸਵੰਤ ਸਿੰਘ ਸੋਨੂ, ਗੁਰਮੇਲ ਬਰਾੜ, ਮਿਲਖਾ ਸਿੰਘ, ਨਵਤੇਜ ਸਿੰਘ, ਹਰਵਿੰਦਰ ਸਿੰਘ, ਰਣਜੀਤ ਕੌਰ, ਨਰਿੰਦਰ ਬੀਬਾ, ਨਿਰਜਣ ਕੌਰ, ਸਤਿਨਾਮੁ ਕੌਰ ਅਤੇ ਬੀਬੀ ਬਲਵਿੰਦਰ ਕੌਰ ਮੰਗਲੀ ਹਾਜ਼ਰ ਸਨ।

## ਬਿਸਮਿਲ ਫ਼ਰੀਦਕੋਟੀ ਯਾਦਗਾਰੀ ਸਮਾਗਮ ਸਫਲਤਾਪੂਰਵਕ ਸੰਪੰਨ ਹੋਇਆ

ਵਰਲਡ ਪੰਜਾਬੀ ਟਾਈਮਜ਼



ਫ਼ਰੀਦਕੋਟ 4 ਫਰਵਰੀ : ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਵੱਲੋਂ ਬਿਸਮਿਲ ਫ਼ਰੀਦਕੋਟੀ ਯਾਦਗਾਰੀ ਸਮਾਗਮ ਮਿਤੀ 2 ਫ਼ਰਵਰੀ 2025 ਨੂੰ ਬਾਬਾ ਫਰੀਦ ਲਾਅ ਕਾਲਜ ਫ਼ਰੀਦਕੋਟ ਵਿਖੇ ਬੜੀ ਧੂਮਧਾਮ ਨਾਲ ਕਰਵਾਇਆ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਸ. ਸਿਮਰਜੀਤ ਸਿੰਘ ਸੇਖੋਂ ( ਐਡਵੋਕੇਟ) ਚੇਅਰਮੈਨ ਬਾਬਾ ਫਰੀਦ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਸਨ। ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਪ੍ਰਸਿੱਧ ਕਵੀ ,ਸ਼੍ਰੀ ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ( ਸੇਖੋਂ) ਅਤੇ ਪ੍ਰਧਾਨਗੀ ਪ੍ਰਸਿੱਧ ਸ਼ਾਇਰ ਅਤੇ ਬੁਲਾਰੇ ਸ੍ਰੀ ਹਰਮੀਤ ਵਿਦਿਆਰਥੀ ਫਿਰੋਜਪੁਰ ਨੇ ਕੀਤੀ।

ਪ੍ਰਧਾਨਗੀ ਮੰਡਲ ਵਿੱਚ ਕਰਨਲ ਬਲਬੀਰ ਸਿੰਘ ਸਰਾਂ, ਪ੍ਰੋ ਪਾਲ ਸਿੰਘ ਪਾਲ , ਮਨਜੀਤ ਪੁਰੀ ਜ਼ਿਲ੍ਹਾ ਭਾਸ਼ਾ ਅਫਸਰ ਫਰੀਦਕੋਟ, ਸ਼੍ਰੀ ਪੰਕਜ ਕੁਮਾਰ ਗਰਗ, ਪ੍ਰਿੰਸੀਪਲ ਲਾਅ ਕਾਲਜ ਫਰੀਦਕੋਟ ਸੁਸ਼ੋਭਿਤ ਹੋਏ। ਬਿਸਮਿਲ ਫਰੀਦਕੋਟੀ ਯਾਦਗਾਰੀ ਐਵਾਰਡ 2024 ਪ੍ਰਸਿੱਧ ਕਵੀ ਸ੍ਰੀ ਗਰਦਾਸਰੀਣ ਕੋਟਕਪੂਰਵੀ ਅਤੇ ਵਿਸ਼ੇਸ਼ ਸਨਮਾਨ ਸ੍ਰੀ ਦਿਆਲ ਸਿੰਘ ਸਾਕੀ ਉਰਫ ਸਾਕੀ ਦੇ ਕੇ ਸਨਮਾਨਿਤ ਕੀਤਾ ਗਿਆ ਜਿਸ ਵਿੱਚ ਸਨਮਾਨ ਪੱਤਰ, ਇੱਕ ਲੋਈ ਅਤੇ ਇੱਕ ਮਮੈਟੋ ਅਤੇ ਨਾਲ ਸੇਵਾ ਫ਼ਲ ਰਾਸ਼ੀ ਵੀ ਭੇਟ ਕੀਤੀ ਗਈ , ਇਹ ਸਾਰੀ ਰਸਮ ਸਿਮਰਜੀਤ ਸਿੰਘ ਸੇਖੋਂ, ਪਵਨ ਹਰਚੰਦਪੁਰੀ , ਪ੍ਰਿੰਸੀਪਲ ਪੰਕਜ ਕੁਮਾਰ ਗਰਗ , ਮਨਜੀਤ ਪੁਰੀ, ਪ੍ਰੋਫੈਸਰ ਪਾਲ ਸਿੰਘ ਪਾਲ , ਕਰਨਲ ਬਲਬੀਰ ਸਿੰਘ ਸਰਾਂ, ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਹੋਰਾਂ ਨੇ ਆਪਣੇ ਕਰ ਕਮਲਾਂ ਨਾਲ ਨਿਭਾਈ। ਇਸ ਸਮਾਗਮ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਪਹਿਲੇ ਪੜਾਅ ਵਿੱਚ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੁਰਿੰਦਰਪਾਲ ਸ਼ਰਮਾ ਭਲੂਰ ਨੇ ਨਿਭਾਈ ਜਿਸ ਵਿੱਚ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਨੇ ਬਿਸਮਿਲ ਅਤੇ ਉਸ ਦੀ ਕਾਵਿ ਕਲਾ ਤੇ ਚਾਨਣਾ ਪਾਇਆ ਅਤੇ ਸਮਾਗਮ ਵਿੱਚ ਤਸ਼ਰੀਫ਼ ਲਿਆਉਣ ਤੇ ਸਭ ਦਾ ਧੰਨਵਾਦ ਕੀਤਾ। ਦੂਜੇ ਪੜਾਅ ਦੀ ਜਿੰਮੇਵਾਰੀ ਸਟੇਜ ਸਕੱਤਰ ਦੇ ਤੌਰ ਤੇ ਪ੍ਰਸਿੱਧ ਕਵੀ ਇਕਬਾਲ ਨੇ ਨਿਭਾਈ ਅਤੇ ਉਸ ਨੇ ਬਿਸਮਿਲ ਫਰੀਦਕੋਟੀ ਦੀ ਪ੍ਰਸਿੱਧ ਕਵਿਤਾ "ਆਰਜ਼ੂ " ਨੂੰ ਤਰੰਨਮ 'ਚ ਪੇਸ਼ ਕਰਕੇ ਖੂਬ ਰੰਗ ਬੰਨ੍ਹਿਆ ਅਤੇ ਵਾਹ ਵਾਹ ਖੱਟੀ। ਉਸ ਤੋਂ ਬਾਅਦ ਉਨ੍ਹਾਂ ਨੇ ਕਵੀ ਦਰਬਾਰ ਦਾ ਆਗਾਜ਼ ਕੀਤਾ ਅਤੇ ਦੂਰੋਂ ਨੇੜਿਓਂ ਆਈਆਂ ਸਾਹਿਤ ਸਭਾਵਾਂ ਵਿੱਚ ਸਾਹਿਤ ਸਭਾ ਨਿਹਾਲ ਸਿੰਘ ਵਾਲਾ, ਸਾਹਿਤ ਸਭਾ ਕੋਟਕਪੂਰਾ, ਸਾਹਿਤ ਸਭਾ ਘੁਗਿਆਣਾ , ਸਾਹਿਤ ਸਭਾ ਸਾਦਿਕ, ਸਾਹਿਤ ਸਭਾ ਜੈਤੋਂ, ਸਾਹਿਤ ਸਭਾ " ਕਲਮਾਂ ਦੇ ਰੰਗ " ਨੇ ਭਰਵੀਂ ਹਾਜ਼ਰੀ ਲਗਵਾਈ। ਸਾਰੀਆਂ ਸਭਾਵਾਂ ਦੇ ਕਵੀ ਸੱਜਣ ਅਤੇ ਬੁਲਾਰੇ ਜਿਨ੍ਹਾਂ ਵਿੱਚ ਜੰਗਪਾਲ ਸਿੰਘ ਬਰਾੜ, ਬਲਜਿੰਦਰ ਭਾਰਤੀ, ਇਕਬਾਲ ਸਿੰਘ ਬਰਾੜ, ਗੁਰਾਦਿੱਤਾ ਸੰਧੂ ( ਕਹਾਣੀਕਾਰ) ਜਗਦੀਪ ਹਸਰਤ , ਜਸਵੰਤ ਰਾਊਕੇ , ਅਮਰੀਕ ਸੈਦੋਕੇ, ਨਛੱਤਰ ਸਿੰਘ, ਵਤਨਵੀਰ ਜ਼ਖਮੀ,ਸਾਧੂ ਸਿੰਘ ਚਮੇਲੀ , ਧਰਮ ਪ੍ਰਵਾਨਾ, ਇੰਦਰਜੀਤ ਖੀਵਾ, ਰਾਜ ਧਾਲੀਵਾਲ, ਸੁਖਦੇਵ ਸਿੰਘ ਔਲਖ , ਕਾਮਰੇਡ ਰਮੇਸ਼ ਜੈਨ, ਗੁਰਸੇਵਕ ਸਿੰਘ, ਲਾਲ ਸਿੰਘ ਕਲਸੀ, ਜਗਰਾਜ ਸ਼ਰਮਾ, ਜਤਿੰਦਰਪ੍ਰੀਤ ਕੌਰ, ਗੁਰਤੇਜ ਪੱਖੀ, ਬਸੰਤ ਸਿੰਘ, ਬੂਟਾ ਸਿੰਘ, ਜਗਵਿੰਦਰ ਸਿੰਘ, ਬਲਵਿੰਦਰ ਸਿੰਘ, ਕਾਮਰੇਡ ਪ੍ਰੇਮ ਕੁਮਾਰ, ਜੋਗਿੰਦਰ ਸਿੰਘ ਸਿੱਧੂ , ਪਰਮਜੀਤ ਸਿੰਘ, ਬਲਕਾਰ ਸਿੰਘ, ਨੇਕ ਸਿੰਘ ਮਾਹੀ, ਮਨਜੀਤ ਪੁਰੀ, ਹਰਮੀਤ ਵਿਦਿਆਰਥੀ, ਪ੍ਰਿੰਸੀਪਲ ਪੰਕਜ ਕੁਮਾਰ ਗਰਗ, ਤਜਿੰਦਰ ਸਿੰਘ ਘੁੱਦੂਵਾਲਾ , ਜਸਵੰਤ ਸਿੰਘ ਸਰਾਂ, ਕੁਲਦੀਪ ਮਾਣੂੰਕੇ, ਬੀ. ਕੇ . ਅਰੋੜਾ, ਹਰਦੀਪ ਸਿੰਘ, ਸਾਹਿਲ , ਪਵਨ ਕੁਮਾਰ, ਜਗਦੀਸ਼ ਰੂਪ, ਦਲਜੀਤ ਸਿੰਘ, ਕੰਵਰਜੀਤ ਸਿੰਘ ਸਿੱਧੂ, ਨਿਮਰਤਪਾਲ, ਜਤਿੰਦਰਪਾਲ ਟੈਕਨੋ , ਮੁਖਤਿਆਰ ਸਿੰਘ ਵੰਗੜ, ਪ੍ਰਦੀਪ ਸਿੰਘ, ਸਿਕੰਦਰ ਚੰਦਭਾਨ , ਸ਼ਿਵਨਾਥ ਦਰਦੀ, ਪ੍ਰੋ ਬੀਰਇੰਦਰ , ਡਾ. ਨਿਰਮਲ ਕੌਸ਼ਿਕ , ਮਹਿੰਦਰ ਗਰੋਵਰ , ਸੁਰਜੀਤ ਸਿੰਘ ਸਾਕੀ, ਹਰਭਗਤ ਸਿੰਘ, ਬਲਵਿੰਦਰ ਕੌਰ, ਦੀਪਿਕਾ, , ਨਰਿੰਦਰ ਸਿੰਘ ਗਿੱਲ, ਪ੍ਰੋ ਤਰਸੇਮ ਨਰੂਲਾ , ਆਦਿ ਕਵੀ ਅਤੇ ਕਾਵਿ ਪ੍ਰੇਮੀਆਂ ਨੇ ਭਾਗ ਲਿਆ। ਕਰਨਲ ਬਲਬੀਰ ਸਿੰਘ ਸਰਾਂ, ਇਕਬਾਲ ਘਾਰੂ, ਵਤਨਵੀਰ ਜ਼ਖ਼ਮੀ, ਸੁਰਿੰਦਰ ਪਾਲ ਸ਼ਰਮਾ ਭਲੂਰ , ਇੰਜੀਨੀਅਰ ਦਰਸ਼ਨ ਰੋਮਾਣਾ, ਇੰਜੀਨੀਅਰ ਲਾਲ ਸਿੰਘ ਕਲਸੀ, ਪ੍ਰਿੰਸੀਪਲ ਕ੍ਰਿਸ਼ਨ ਲਾਲ ਬਕੋਲੀਆ ਨੇ ਸਮਾਗਮ ਤੇ ਕੀਤੀ ਗਈ ਅਣਥੱਕ ਮਿਹਨਤ ਦਾ ਇਜ਼ਹਾਰ ਕੀਤਾ। ਬੁਲਾਰਿਆਂ ਵਿੱਚ ਸਿਮਰਜੀਤ ਸਿੰਘ ਸੇਖੋਂ, ਪਵਨ ਹਰਚੰਦਪੁਰੀ , ਹਰਮੀਤ ਵਿਦਿਆਰਥੀ ਅਤੇ ਮਨਜੀਤ ਪੁਰੀ ਨੇ ਆਪਣੇ ਭਾਸ਼ਣ ਵਿੱਚ ਸਮਾਗਮ ਦੀ ਸਫਲਤਾ ਅਤੇ ਭਰਵੇਂ ਇਕੱਠ ਨੂੰ ਦੇਖਦੇ ਹੋਏ ਖੁਸ਼ੀ ਦਾ ਪ੍ਰਗਟਾਵਾ ਕੀਤਾ। ਅਤੇ ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਨੂੰ ਵਧਾਈ ਦਾ ਪਾਤਰ ਕਿਹਾ, ਅਖੀਰ ਵਿੱਚ ਸਭਾ ਦੇ ਪ੍ਰਧਾਨ ਕਰਨਲ ਬਲਬੀਰ ਸਿੰਘ ਸਰਾਂ ਨੇ ਸਭ ਦਾ ਧੰਨਵਾਦ ਕੀਤਾ।